# ਪੋਲੂਸ ਅਤੇ ਬਰਨਾਬਾਸ ਨਵੇ ਵਿਸ਼ਵਾਸੀਆ ਨੂੰ ਨਵੀਆਂ ਕਲੀਸੀਆਵਾ ਵਿੱਚ ਲੈ ਕੇ ਆਏ।

**ਪ੍ਰਾਥਨਾ,** ''ਪਿਆਰੇ ਪਿਤਾ, ਬੇਨਤੀ ਕਰਕੇ ਇਸ ਪੜਾਈ ਨੂੰ ਸਾਡੇ ਬੱਚਿਆ ਨੂੰ ਦਿਖਾਉਣ ਵਿੱਚ ਇਸਤੇਮਾਲ ਕਰ ਕਿਉਂਕਿ ਤੁਸੀ ਖੁਸ਼ ਹੁੰਦੇ ਹੋ, ਜਦੋ ਅਸੀ ਜਾ ਕੇ ਦੂਜਿਆਂ ਲੋਕਾਂ ਨੂੰ ਤੁਹਾਡੇ ਪੁੱਤਰ ਯੀਸ਼ੂ ਦੇ ਬਾਰੇ ਦੱਸਦੇ ਹਾਂ।''

ਉਨਾ ਚੀਜਾ ਨੂੰ ਚੁੱਣ ਲਉ ਜਿਹੜੇ ਬੱਚਿਆ ਦੀ ਉਮਰ ਅਤੇ ਜਰੂਰਤ ਵਿੱਚ ਸਹੀ ਬੈਠਦੀਆ ਹਨ।

## 1. ਪੋਲੂਸ ਅਤੇ ਬਰਨਾਬਾਸ ਬਾਰੇ ਸਿੱਖਿਆ ਤਿਆਰ ਕਰੋ

ਰਸੂੰਲਾ ਦੇ ਕਰਤਬ ਉਹਦੇ 14 ਬਾਪ ਨੂੰ ਬੇਨਤੀ ਕਰਕੇ ਪੜੋ। ਕਿਵੇ ਪੋਲੂਸ ਅਤੇ ਬਰਨਾਬਾਸ ਨੇ ਨਵੀਆਂ ਕਲੀਸੀਆਵਾ ਦੀ ਸ਼ੁਰੂਆਤ ਕੀਤੀ।



ਰਸੂੰਲਾ ਦੇ ਕਰਤਬ 13:1–5 ਵਿੱਚ ਲੱਭੋ। ਅੰਤਕਿਯਾ ਵਿਸ਼ਵਾਸੀਆ ਨੇ ਪੋਲੂਸ ਅਤੇ ਬਰਨਾਬਾਸ ਨੂੰ ਹੋਰ ਦੂਜੀ ਜਗ੍ਹਾਂ ਤੇ ਨਵਾਂ ਕੰਮ ਕਰਨ ਲਈ ਭੇਜਣ ਵਾਸਤੇ ਕੀ ਕੀਤਾ। (ਉੱਤਰ ਹਰੇਕ ਪੱਸ਼ਨ ਦੇ ਬਾਦ ਦਿੱਤੇ ਗਏ ਹਨ)

1) ਕਿਹੜੇ ਸ਼ਹਿਰ ਵਿੱਚ ਕਲੀਸੀਆਂ ਨੇ ਪੋਲੂਸ ਅਤੇ ਬਰਨਾਬਾਸ ਨੂੰ ਬਾਹਰ ਭੇਜਿਆ?
2) ਪਵਿੱਤਰ ਆਤਮਾ ਨੇ ਅੰਤਕਿਯਾ ਦੇ ਵਿਸ਼ਵਾਸੀਆ ਨੂੰ ਕੀ ਕਰਨ ਲਈ ਆਖਿਆ?

*1) ਉੱਤਰ- ਅੰਤਕਿਯਾ ਦੇ ਉਸ ਸ਼ਹਿਰ ਦੀ ਜਗ੍ਹਾਂ ਹੁਣ ਤੁਰਕੀ ਵਿੱਚ ਹੈ।*

*2) ਪਵਿੱਤਰ ਆਤਮਾ ਨੇ ਵਿਸ਼ਵਾਸੀਆ ਨੂੰ ਕਿਹਾ ''ਵੱਖਰਾ'' ਪੋਲੂਸ ਅਤੇ ਬਰਨਾਬਾਸ ਨੂੰ ਕਹੋ ਉਸ ਕੰਮ ਵਾਸਤੇ ਜਿਹੜਾ ਉਨਾ ਨੂੰ ਕਰਨ ਵਾਸਤੇ ਘੱਲਿਆ ਗਿਆ ਹੈ। ਉਹ ਉਨ੍ਹਾਂ ਨੂੰ ਉਥੇ ਲੈ ਜਾਣਾ ਚਾਹੁੰਦਾ ਹੈ, ਜਿਥੇ ਲੋਕਾਂ ਨੇ ਯਿਸੂ ਦਾ ਸ਼ੁੱਭ ਸਮਾਚਾਰ ਕਦੀ ਨਹੀ ਸੀ ਸੁਣਿਆ।*

ਰਸੂੰਲਾ ਦੇ ਕਰਤਬ 14:8–23 ਵਿੱਚੋ ਉਹ ਚੀਜਾਂ ਲੱਭ ਜਿਹੜੀਆਂ ਲੁਸਤ੍ਰਾ ਵਿੱਚ ਘਟੀਆ:

1) ਕੀ ਘਟੀਆ ਲੋਕਾਂ ਨੂੰ ਹੈਰਾਨ ਕਰ ਦਿੱਤਾ?
2) ਸਭ ਤੋ ਪਹਿਲਾਂ ਲੋਕਾ ਨੇ ਪੋਲੂਸ ਅਤੇ ਬਰਨਾਬਾਸ ਨੂੰ ਕੀ ਸੋਚਦਾ ਹੋਈਆਂ ਸੋਚਿਆ?
3) ਪੋਲੂਸ ਅਤੇ ਬਰਨਾਬਾਸ ਨੇ ਉਨ੍ਹਾਂ ਲੋਕਾਂ ਤੋ ਆਪਣੇ ਆਪ ਨੂੰ ਕਿਵੇ ਬਚਾ ਕੇ ਰੱਖਿਆ, ਜਿਹੜੇ ਉਨ੍ਹਾਂ ਦੀ ਪੂਜਾ ਕਰਨਾ ਚਾਹਦੇ ਸੀ?
4) ਭੀੜ, ਪੋਲੂਸ ਨੂੰ ਕੀ ਕਰਨਾ ਚਾਹੁੰਦੀ ਸੀ, ਬਾਦ ਵਿੱਚ ਜਿਹੜੇ ਲੋਕ ਸ਼ਹਿਰ ਤੋ ਬਾਹਰੋ ਆਏ ਉਨ੍ਹਾਂ ਨੂੰ ਕਿਵੇਂ ਭੜਕਾਇਆ?
5) ਕਿ ਪੋਲੂਸ ਅਤੇ ਬਰਨਾਬਾਸ ਨੇ ਲੋਕਾਂ ਨੂੰ ਯਿਸੂ ਬਾਰੇ ਦੱਸਣਾ ਬੰਦ ਕਰ ਦਿੱਤਾ?
6) ਪੋਲੂਸ ਅਤੇ ਬਰਨਾਬਾਸ ਨੇ ਉਨਾ ਨੂੰ ਛੱਡਨ ਤੋ ਪਹਿਲਾ ਕੀਤਾ ਤਾਂ ਜੋ ਉਹ ਚੇਲੇ ਆਪਣੇ ਲੀਡਰ ਚੁਣ ਸੱਕਣ?

*1) ਪੋਲੂਸ ਨੇ ਉਸ ਜਮਾਦੂਰ ਲੱਝਗੇ (ਲੰਗੜੇ) ਆਦਮੀ ਨੂੰ ਵੇਖਿਆ, ਜਿਹਨੂੰ ਚੰਗੇ ਹੋਣ ਦਾ ਵਿਸ਼ਵਾਸ ਸੀ, ਅਤੇ ਪਰਮੇ ਸ਼ਵਰ ਨੇ ਉਸ ਆਦਮੀ ਨੂੰ ਚੰਗਾ (ਠੀਕ) ਕਰ ਦਿੱਤਾ।*

*2) ਉਹ ਸੋਚਦੇ ਸਨ ਕਿ ਬਰਨਾਬਾਸ ਦਿਔਸ ਦੇਵਤਾ ਅਤੇ ਪੋਲੂਸ ਹੇਰਮੇਸ ਦੇਵਤਾ ਹੈ।*

*3) ਉਨਾ ਨੇ ਲੋਕਾਂ ਨੂੰ ਆਖਿਆ ਕਿ ਉਹ ਆਮ ਮੰਨੁਖ ਹਨ ਅਤੇ ਉਹ ਜਿਉਦੇ ਪਰਮੇਸ਼ਵਰ ਦੀ ਸੇਵਾ ਕਰਦੇ ਹਨ।*

*4) ਉਨਾ ਨੇ ਪੋਲੂਸ ਨੂੰ ਪਥਰਾਉ ਕੀਤਾ ਅਤੇ ਘਸੀਟ ਕੇ ਨਗਰ ਤੋਂ ਬਾਹਰ ਇਹ ਸਮਝ ਕੇ ਲੈ ਗਏ ਕਿ ਉਹ ਮਰ ਗਿਆ ਹੈ।*

*5) ਪੋਲੂਸ ਅਤੇ ਬਰਨਾਬਾਸ ਨੇ ਲਗਾਤਾਰ ਲੋਕਾ ਨੂੰ ਯੀਸ਼ੂ ਦੇ ਬਾਰੇ ਦੱਸਣਾ ਜਾਰੀ ਰੱਖਿਆ।*

*6) ਰਸੂਲਾਂ ਨੇ ਆਗੂ ਨਿਯੁਕਤ ਕੀਤੇ ਕਿ ਉਹ ਹਰੇਕ ਕਲੀਸੀਆ ਦੀ ਅਗਵਾਈ ਕਰਨ।ਫ਼*

ਅਧਿਆਪਕ ਜਾ ਕੋਈ ਵੱਡਾ ਬੱਚਾ ਇਸ ਕਹਾਣੀ ਨੂੰ ਯਾਦ ਕਰਕੇ ਦੱਸੇ ਕਿ ਪੋਲੂਸ ਅਤੇ ਬਰਨਾਬਾਸ ਨੇ ਲੁਸਤ੍ਰਾ ਵਿੱਚ ਇੱਕ ਲੰਗੜੇ ਨੂੰ ਠੀਕ ਕੀਤਾ। ਸੁਨਾਣੇ, ਅਤੇ ਉਹ ਘਟਨਾਵਾ ਜਿਹੜੀਆ (ਰਸੂੰਲਾ ਦੇ ਕਰਤਬ 14:8-23) ਮਿਲਦੀਆਂ ਹਨ।

ਬੱਚਿਆਂ ਨੂੰ ਕਹਾਣੀ ਦੇ ਪਹਿਲੇ ਭਾਗ ਦੇ ਪ੍ਰਸ਼ਨ ਪੁੱਛੋ

ਰਸੂੰਲਾ ਦੇ ਕਰਤਬ 14:8-23 ਵਿੱਚ ਨਾਟਕ ਤਿਆਰ ਕਰੋ ਕਿ ਪੋਲੂਸ ਅਤੇ ਬਰਨਾਬਾਸ ਨੇ ਕੀ ਕੀਤਾ। ਇਹ ਵੱਡਿਆ ਦੀ ਮੁੱਖ ਅਰਾਧਨਾ ਸਭਾ ਦੇ ਵੇਲੇ ਪੇਸ਼ ਕਰੋ।

- ਤੁਸੀ ਇਸ ਕਹਾਣੀ ਦੇ ਕੁਝ ਹਿੱਸਿਆ ਜਾਂ ਸਾਰੀਆਂ ਨੂੰ ਚੁਣ ਸਕੱਦੇ ਹੋ।
- ਵੱਡੇ ਬੱਚੇ, ਛੋਟਿਆਂ ਨੂੰ ਇਹ ਤਿਆਰ ਕਰਨ ਵਿੱਚ ਮੱਦਦ ਕਰਨ।

ਵੱਡੇ ਬੱਚੇ ਇਹ ਕਿਰਦਾਰ ਕਰਨ, ਬਰਨਾਬਾਸ ਭੀੜ, ਪੱਥਰ ਸੁੱਟਣ ਵਾਲੇ, ਵਾਚਕ- ਆਇਤ 8 ਅਤੇ 9 ਪੜੇ

ਪੋਲੂਸ ਅਤੇ ਬਰਨਾਬਾਸ- ਲੰਗੜੇ ਆਦਮੀ ਕੋਲ ਜਾਣ।

**ਪੋਲੂਸ:** ''ਤੂੰ ਯੀਸ਼ੂ ਦੇ ਨਾ ਵਿੱਚ ਠੀਕ ਹੋ ਜਾ।''

ਲੰਗੜਾ ਆਦਮੀ - ਕੁੱਦ ਕੇ ਖੜਾ ਹੋ ਜਾਵੇ, ਅਤੇ ਜ਼ੋਰ ਨਾਲ ਚੀਕੇ, ''ਮੈ ਠੀਕ ਹੋ ਗਿਆ।''

**ਭੀੜ:** ਆਪਣੇ ਗੋਡੇ ਟੇਕ ਲਏ ਅਤੇ ਚੀਕੇ- ''ਦਿਉਤੇ ਮਾਣਸ ਰੂਪ ਧਾਰ ਕੇ ਸਾਡੇ ਕੋਲ ਉੱਤਰ ਆਏ ਹਨ।''

''ਇਹ ਦਿਉਸ ਅਤੇ ਹਮੇਸ ਦੇਵਤਾ ਹਨ।''

''ਖੰਭ ਅਤੇ ਇੱਕ ਬਲਦ ਬਲਿਦਾਨ ਲਈ ਲੈ ਕੇ ਆਉ।''

ਪੋਲੂਸ:- ਪੋਲੂਸ ਦੇ ਆਇਤ 15 ਵਿੱਚ ਚੁੱਪ ਕਰਾਉਣ ਵਾਲੇ ਸਬਦ।

ਵਾਚਕ- ਆਇਤ 18 ਅਤੇ 19 ਪੜੋ।

ਪੱਥਰ ਸੁੱਟਣ ਵਾਲੇ। ਪੋਲੂਸ ਅਤੇ ਬਰਨਾਬਾਸ ਵੱਲ ਇਸ਼ਾਰਾ ਕਰਕੇ ਜੋਰ ਨਾਲ ਗੁੱਸੇ ਵਿੱਚ ਚੀਕਣ।

''ਇਹ ਆਦਮੀ, ਪੋਲੂਸ ਅਤੇ ਬਰਨਾਬਾਸ, ਉਹ ਤੁਹਾਨੂੰ ਧੋਖਾ ਦੇ ਰਹੇ ਹਨ।''

''ਇਹ ਸੈਤਾਨ ਦੀ ਤਾਕਤ ਨਾਲ ਇਹ ਕਰਤਬ ਦਿਖਾ ਰਹੇ ਹਨ।''

''ਇਹ ਤੁਹਾਡੇ ਅੰਦਰ ਅਤੇ ਤੁਹਾਡੇ ਰੀਤਿ ਰਿਵਾਜ ਨੂੰ ਤਬਾਹ ਕਰ ਦੇਣਗੇ।''

ਉਹ ਪੋਲੂਸ ਨੂੰ ਪੱਥਰ ਮਾਰਨ ਦਾ ਦਿਖਾਵਾ ਕਰਦੇ ਰਹਿੰਣ। ਉਹ ਬਾਦ ਵਿੱਚ ਡਿੱਗ ਪਏ।

ਵਾਚਕ- ਆਇਤ 20-23 ਪੜੋ ਅਤੇ ਬਾਦ ਵਿੱਚ ਉਨ੍ਹਾਂ ਸਭਨਾ ਦਾ ਧੰਨਵਾਦ ਕਰੋ, ਜਿੰਨਾ ਨੇ ਇਸ ਨਾਟਕ ਵਿੱਚ ਮੱਦਦ ਕੀਤੀ।

ਜੇਕਰ ਬੱਚਿਆਂ ਨੇ ਇਹ ਨਾਟਕ ਬਾਲਿਗਾਂ ਲਈ ਪੇਸ਼ ਕੀਤਾ ਹੈ ਤਾਂ ਬੱਚਿਆਂ ਨੂੰ ਉਹ ਕੁਝ ਪ੍ਰਸ਼ਨ ਪੁੱਛੋ ਜਿਹੜੇ ਰਸੂੰਲਾ ਦੇ ਕਰਤਬ 14 ਬਾਪ ਵਿੱਚ ਦਿੱਤੇ ਗਏ ਹਨ ਉਹ ਪੁੱਛਣ।

ਕਰਕੇ ਦਿਖਾਉ ਇੱਕ ਕਿਸ਼ਾਨ ਦੇ ਦਿਰਸ਼ਾਟ ਵਿੱਚ ਜਿੰਨੇ ਅਨਾਜ ਬੀਜਿਆ - ਮਰਕੁੱਸ 4:1-20

- 1 ਹਰੇਕ ਬੱਚੇ ਦੇ ਹੱਥ ਵਿੱਚ ਚਾਵਲ ਦੇ ਦਾਣੇ ਹੋਣ ਜਾ ਅਰਾਮ ਨਾਲ ਉਹ ਅਨਾਜ ਫੜ ਕੇ ਰੱਖਣ ਜਿਹੜਾ ਉਨਾ ਨੂੰ ਦਿਖਾਈ ਦੇ ਸੱਕੇ।
- ਸਮਝਾਉ ਕਿਵੇਂ ਯਿਸੂ ਇਸ ਅਨਾਜ ਦੀ ਉਦਾਹਰਣ ਦਾ ਇਸਤੇਮਾਲ ਕਰਦਾ ਹੈ, ਕਿਵੇ ਉਹਦਾ ਰਾਜ ਵਧੱਦਾ ਜਦੋ ਲੋਕਾਂ

ਉਸਨੂੰ ਮੰਨਦੇ ਹਨ। ਉਹ ਕਹਿੰਦਾ ਹੈ, ਜੇਕਰ ਅਸੀ ਆਪਣੇ ਦਾਣੇ ਚੰਗੀ ਜਮੀਨ ਵਿੱਚ ਲਾਵਾਂਗੇ ਤਾ ਉਹ ਉਗਣਗੇ, ਅਤੇ ਹੋਰ ਜਿਆਦਾ ਵੇਲੇ ਉਤਪਨ ਹੋਣਗੇ।

- ਸਮਝਾਉ ਚੰਗੀ ਅਤੇ ਮਾੜੀ ਮਿੱਟੀ ਕੀ ਹੈ।
- ਸਮਝਾਉ ਕਿ ਪੋਲੂਸ ਅਤੇ ਬਰਨਾਬਾਸ ਲੁਸਤ੍ਰਾ ਅਤੇ ਹੋਰ ਨਗਰਾਂ ਵਿੱਚ ਕਦੋਂ ਗਏ, ਉਨਾ ਨੇ ਪਰਮੇਸ਼ਵਰ ਦੇ ਰਾਜ ਦਾ ਬੀਜ ਬੀਜਿਆ। ਨਵੀ ਕਲੀਸੀਆਵਾਂ ਵਧੀਆਂ ਹਨ ਅਤੇ ਹੋਰ ਜਗਾਵਾ ਤੇ ਆਪਣੇ ਕੰਮ ਕਰਨ ਵਾਲਿਆ ਨੂੰ ਹੋਰ ਬੀਜ ਬੀਜਣ ਲਈ ਭੇਜਿਆ।

ਕਵਿਤਾ- ਹੁਣ ਚਾਰ ਬੱਚਿਆ ਨੂੰ ਚਾਰ ਆਇਤਾਂ ਪੜ੍ਹਨ ਲਈ ਦਿਉ ਹਰੇਕ ਇੱਕ-ਇੱਕ ਪੜ੍ਹੇ। ਯਸਾਯਾਹ 42:1, 4, 6 ਅਤੇ 7 ਵਿੱਚੋ

ਯਾਦ ਕਰੋ ਆਇਤ ਰਸੂੰਲਾ ਦੇ ਕਰਤਬ-1:8

**ਪ੍ਰਾਥਨਾ,** ''ਪਰਮੇਸ਼ਵਰ ਸਾਡੀ, ਵਿਸ਼ਵਾਸ ਯੋਗ ਹੋਣ ਵਿੱਚ ਸਹਾਇਤਾ ਕਰ, ਅਤੇ ਬਹਾਦਰ ਜਿਵੇ ਪੋਲੂਸ ਅਤੇ ਬਰਨਾਬਾਸ ਸਨ, ਅਸੀ ਵੀ ਦੂਜਿਆਂ ਨੂੰ ਸੁੱਭ ਸੰਦੇਸ਼ ਦੱਸੀਏ, ਹੁਣ ਹੋਰ ਜਗਾਵਾਂ ਦੇ ਲੋਕ ਯਿਸੂ ਨੂੰ ਜਾਣਨ, , ਤਾਂ ਜੋ ਸੰਸਾਰ ਵਿੱਚ ਯਿਸੂ ਦੀ ਦੇਹ ਦਾ ਹਿੱਸਾ ਬਣ ਸੱਕੀਏ।

Copyright 2004 © by Paul-Timothy. May be freely copied. Download from www.Paul-Timothy.net